International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਪੰਜਾਬੀ ਵਾਰਤਕ ਦਾ ਰੂਪ ਅਧਿਐਨ: ਜਨਮਸਾਖੀ ਦੇ ਵਿਸ਼ੇਸ਼ ਸੰਦਰਭ ਵਿਚ

**Harpreet Kumar**

**Assistant Professor (Punjabi)**
**Institution, Baba Farid College of Education, Bathinda**

**ਐਬਸਟਰੈਕਟ**

ਪੰਜਾਬੀ ਵਾਰਤਕ ਸਾਹਿਤ ਦਾ ਇੱਕ ਅਹਿਮ ਪੱਖ ਹੈ ਜਿਸ ਵਿੱਚ ਮਨੁੱਖੀ ਜੀਵਨ ਦੇ ਸੰਸਕਾਰ ਅਤੇ ਧਾਰਮਿਕ ਸਿਧਾਂਤਾਂ ਨੂੰ ਆਪਣੇ ਨਿਵੇਕਲੇ ਰੂਪ ਰਾਹੀਂ ਪ੍ਰਗਟ ਕਰਦਾ ਹੈ। ਇਸ ਦੇ ਰੂਪ ਵਿੱਚ ਕਹਾਣੀਆਂ ਪ੍ਰਵਚਨ ਅਤੇ ਕਥਾਵਾਂ ਸਮਾਜ ਦੀਆਂ ਸੱਚਾਈਆਂ ਅਤੇ ਅਸਲੀਅਤਾਂ ਨੂੰ ਉਜਾਗਰ ਕਰਦੀਆਂ ਹਨ। ਜਨਮ ਸਾਖੀ ਵਿਸ਼ੇਸ਼ ਸੰਦਰਭ ਵਿੱਚ ਪੰਜਾਬੀ ਵਾਰਤਕ ਦਾ ਇੱਕ ਅਜਿਹਾ ਰੂਪ ਹੈ ਜਿਸ ਵਿੱਚ ਗਹਿਰੇ ਅਧਿਆਤਮਕ ਅਤੇ ਰੂਹਾਨੀ ਤੱਤਾਂ ਨੂੰ ਅਧਿਆਤਮਕ ਸ਼ਖਸ਼ੀਅਤਾਂ ਨਾਲ ਜੋੜ ਕੇ, ਮਨੁੱਖੀ ਜੀਵਨ ਦੀ ਆਤਮਿਕ ਜਨਮ, ਸੱਚੇ ਜੀਵਨ ਅਤੇ ਧਾਰਮਿਕ ਅਨੁਭਵਾਂ ਦੀ ਰਹਿਨੁਮਾਈ ਕਰਦੇ ਅਭੀਵਿਅਕਤ ਕੀਤੇ ਜਾਂਦੇ ਹਨ। ਜਨਮ ਸਾਖੀਆਂ ਵਿਸ਼ੇਸ਼ ਤੌਰ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ ਦੇ ਨਾਲ ਸੁਨਤ ਹੁੰਦੀਆਂ ਹਨ। ਇਹ ਸਾਖੀਆਂ ਨਾ ਕੇਵਲ ਧਾਰਮਿਕ ਜੀਵਨ ਦੇ ਰੂਪ ਨੂੰ ਪ੍ਰਗਟ ਕਰਦੀਆਂ ਹਨ ਬਲਕਿ ਸਮਾਜਿਕ ਤਣਾਅ ,ਪੇਸ਼ੇਵਰ ਸੰਘਰਸ਼ਾਂ ਅਤੇ ਆਤਮਿਕ ਉਨਤੀ ਦੀਆਂ ਕਥਾਵਾਂ ਨੂੰ ਵੀ ਪ੍ਰਗਟ ਕਰਦੀਆਂ ਹਨ। ਇਹ ਜਨਮ ਸਾਖੀਆਂ ਦਰਸਾਉਂਦੀਆਂ ਹਨ ਕਿ ਮਨੁੱਖ ਦਾ ਜਨਮ ਕਿਸ ਤਰ੍ਹਾਂ ਰੂਹਾਨੀ ਅਤੇ ਆਤਮਿਕ ਅਗਵਾਈ ਦੇ ਰੂਪ ਵਿੱਚ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਜਨਮ ਸਾਖੀਆਂ ਰਾਹੀਂ ਪੰਜਾਬੀ ਵਾਰਤਕ ਦਾ ਨਿਵੇਕਲਾ ਮੁਹੰਦਰਾ ਸਿਰਜਿਆ ਜਿਸ ਨੇ ਆਉਣ ਵਾਲੇ ਸਮੇਂ ਵਿੱਚ ਵਾਰਤਕ ਨੂੰ ਜਨਮ ਦਿੱਤਾ।

**ਕੀ-ਵਰਡ**

**ਪੰਜਾਬੀ ਵਾਰਤਕ (Punjabi Vartak)**ਅਰਥ: ਪੰਜਾਬੀ ਸੰਸਕਾਰ ਵਿੱਚ ਕਹਾਣੀ ਦਸਣ ਦੀ ਪਰੰਪਰਾ, ਜਿਸਦਾ ਉਦੇਸ਼ ਧਾਰਮਿਕ, ਆਧਿਆਤਮਿਕ ਅਤੇ ਸੱਭਿਆਚਾਰਿਕ ਸਿੱਖਿਆ ਦੇਣਾ ਹੈ। **ਜਨਮ ਸਾਖੀ (Janam Sakhi)**ਅਰਥ: ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦੇ ਬਾਰੇ ਸਾਖੀਆਂ, ਜਿਨ੍ਹਾਂ ਵਿੱਚ ਉਨ੍ਹਾਂ ਦੀ ਜ਼ਿੰਦਗੀ, ਸਿੱਖਿਆਵਾਂ ਅਤੇ ਰੂਹਾਨੀ ਅਨੁਭਵਾਂ ਦਾ ਵਰਣਨ ਕੀਤਾ ਜਾਂਦਾ ਹੈ।**ਧਾਰਮਿਕ ਕਥਾਵਾਂ (Dharmik Kathavan)**ਅਰਥ: ਉਹ ਕਥਾਵਾਂ ਜੋ ਧਾਰਮਿਕ ਸਿੱਖਿਆਵਾਂ ਅਤੇ ਮੋਰਲ ਪਾਠਾਂ ਨੂੰ ਸਮਝਾਉਂਦੀਆਂ ਹਨ ਅਤੇ ਜੋ ਆਧਿਆਤਮਿਕ ਰੂਪ ਵਿੱਚ ਲਿਖੀਆਂ ਜਾਂਦੀਆਂ ਹਨ। **ਆਧਿਆਤਮਿਕ ਜੀਵਨ (Adhyatmik Jeevan)**ਅਰਥ: ਉਹ ਜੀਵਨ ਜੋ ਆਪਣੇ ਅੰਦਰ ਆਤਮਿਕ ਸ਼ਾਂਤੀ ਅਤੇ ਰੂਹਾਨੀ ਅਨੁਭਵ ਨੂੰ ਪ੍ਰਾਪਤ ਕਰਨ ਲਈ ਜੀਿਆ ਜਾਂਦਾ ਹੈ।**ਗੁਰੂ ਨਾਨਕ ਦੇਵ ਜੀ (Guru Nanak Dev Ji)**ਅਰਥ: ਸਿੱਖ ਧਰਮ ਦੇ ਸਥਾਪਕ ਅਤੇ ਪਹਿਲੇ ਗੁਰੂ, ਜਿਨ੍ਹਾਂ ਦੀਆਂ ਸਿੱਖਿਆਵਾਂ ਸਿੱਖ ਧਰਮ ਦੀ ਅਧਾਰਸ਼ਿਲਾ ਹਨ। **ਸਿੱਖਿਆਵਾਂ (Sikhiawan)**ਅਰਥ: ਉਹ ਸਿੱਖਿਆਵਾਂ ਜਿਹਨੂੰ ਗੁਰੂ ਨਾਨਕ ਅਤੇ ਹੋਰ ਗੁਰੂਆਂ ਦੁਆਰਾ ਦਿੱਤਾ ਗਿਆ ਹੈ, ਜੋ ਆਤਮਿਕ ਅਗਵਾਈ, ਬਰਾਬਰੀ ਅਤੇ ਸੱਚਾਈ ਉੱਤੇ ਅਧਾਰਿਤ ਹਨ। **ਰੂਹਾਨੀ ਜਨਮ (Ruhani Janam)**ਅਰਥ: ਰੂਹਾਨੀ ਜਨਮ ਜਾਂ ਆਤਮਿਕ ਜਾਗਰੂਕਤਾ, ਜਿਸਦਾ ਮਤਲਬ ਹੈ ਆਪਣੇ ਆਤਮਿਕ ਮਕਸਦ ਅਤੇ ਧਾਰਮਿਕ ਸਿੱਖਿਆਵਾਂ ਨੂੰ ਸਮਝਣਾ। **ਆਤਮਿਕ**

**ਉੱਨਤੀ** **(Atmik Unnati)**ਅਰਥ: ਆਤਮਿਕ ਤਰੱਕੀ ਜਾਂ ਉਚਾਈ, ਜਿਸ ਦਾ ਮਤਲਬ ਹੈ ਆਪਣੇ ਆਤਮਿਕ ਮਕਸਦ ਨੂੰ ਪ੍ਰਾਪਤ ਕਰਨਾ ਅਤੇ ਰੂਹਾਨੀ ਤੌਰ 'ਤੇ ਖੁਸ਼ਹਾਲ ਹੋਣਾ। **ਰੂਪਾਂਤਰ** **(Roopantar)**ਅਰਥ: ਬਦਲਾਅ ਜਾਂ ਤਬਦੀਲੀ, ਖਾਸ ਤੌਰ 'ਤੇ ਉਹ ਤਬਦੀਲੀ ਜੋ ਆਤਮਿਕ ਜਾਂ ਮਨੋਵਿਗਿਆਨਿਕ ਰੂਪ ਵਿੱਚ ਆਉਂਦੀ ਹੈ।**ਸਾਖੀ ਪ੍ਰੰਪਰਾਵਾਂ** **(Sakhi Pramparavan)**ਅਰਥ: ਸਾਖੀਆਂ ਦੀਆਂ ਪਰੰਪਰਾਵਾਂ, ਜੋ ਲੋਕਕਲਾ ਅਤੇ ਧਾਰਮਿਕ ਸਿੱਖਿਆਵਾਂ ਨੂੰ ਪ੍ਰਸਾਰਿਤ ਕਰਨ ਦਾ ਇਕ ਰਵਾਇਤੀ ਤਰੀਕਾ ਹੁੰਦੀਆਂ ਹਨ। **ਆਤਮਿਕ ਮੁਕਤੀ** **(Atmik Mukti)**ਅਰਥ: ਆਤਮਿਕ ਮੋਕਸ, ਜੋ ਕਿ ਆਤਮਾ ਦਾ ਜਨਮ ਅਤੇ ਮੌਤ ਦੇ ਚਕਰ ਤੋਂ ਬਚ ਕੇ ਰੂਹਾਨੀ ਤੌਰ 'ਤੇ ਅਜ਼ਾਦ ਹੋਣਾ ਹੈ।

## ਪੰਜਾਬੀ ਵਾਰਤਕ ਦਾ ਰੂਪ ਅਧਿਐਨ: ਜਨਮਸਾਖੀ ਦੇ ਵਿਸ਼ੇਸ਼ ਸੰਦਰਭ ਵਿਚ

ਪੰਜਾਬੀ ਸਾਹਿਤ ਵਿਚ ਵਾਰਤਕ ਦਾ ਜਨਮ ਕਵਿਤਾ ਤੋਂ ਮਗਰੋਂ ਹੋਇਆ ਹੈ ਕਿਉਂਕਿ ਮਨੁੱਖ ਦੀ ਮੁੱਢਲੀ ਅਵਸਥਾ ਵਿਚ ਜ਼ਜਬਾ ਅਤੇ ਸੰਵੇਦਨਾ ਬਹੁਤ ਪ੍ਰਬਲ ਹੁੰਦੀ ਹੈ। ਇਹੀ ਤੱਤ ਪੰਜਾਬੀ ਕਾਵਿ ਵਿਚ ਵਿਸ਼ੇਸ਼ ਲੋੜੀਂਦਾ ਹੁੰਦਾ ਹੈ। ਜਿਸ ਕਵੀ ਵਿਚ ਭਾਵੁਕਤਾ ਜਾਂ ਜ਼ਜਬਾ ਜਿੰਨਾ ਜ਼ਿਆਦਾ ਪ੍ਰਬੱਲ ਹੁੰਦਾ ਹੈ ਉਹ ਉਨ੍ਹਾਂ ਹੀ ਸਫ਼ਲ ਕਵਿਤਾ ਰਚ ਸਕਦਾ ਹੈ। ਪਰੰਤੂ ਵਾਰਤਕ ਵਿਚ ਤਰਕ ਅਤੇ ਵਿਗਿਆਨਿਕ ਚਿੰਤਨ ਦੀ ਪ੍ਰਬੱਲਤਾ ਹੁੰਦੀ ਹੈ। ਜੋ ਮਨੁੱਖੀ ਜ਼ਿੰਦਗੀ ਵਿਚ ਆਈ ਚੇਤਨਾ ਦੀ ਪ੍ਰੋੜ ਹੋ ਜਾਣ ਦੀ ਨਿਸ਼ਾਨੀ ਹੁੰਦੀ ਹੈ। ਸੰਤ ਸਿੰਘ ਸੇਖੋਂ ਦਾ ਕਥਨ ਹੈ, "ਵਿਗਿਆਨ ਵਾਂਗ ਗੱਦ ਦਾ ਸੰਬੰਧ ਵੀ ਸਮਾਜ ਵਿਚ ਮੱਧ-ਸ਼੍ਰੇਣੀ ਦੇ ਵਿਕਾਸ ਨਾਲ ਹੈ। ਗੱਦ ਦਾ ਸੰਬੰਧ ਆਧੁਨਿਕ ਵਿਗਿਆਨ ਦੀ ਉਤਪੱਤੀ ਤੇ ਵਿਕਾਸ ਨਾਲ ਹੈ ਤੇ ਆਧੁਨਿਕ ਵਿਗਿਆਨ ਮੱਧ-ਸ਼੍ਰੇਣੀ ਦੇ ਵਿਕਾਸ ਦਾ ਇਕ ਫਲ ਹੈ।"[1] ਵਾਰਤਕ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਧਾਤੂ 'ਵ੍ਰਿਤਿ' ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ "ਟੀਕਾ"। ਸੰਸਕ੍ਰਿਤ ਵਿਚ ਕਿਸੇ ਸੂਤਰ ਰਚਨਾ ਦੀ ਵਿਆਖਿਆ ਕਰਨ ਵਾਲੇ ਗ੍ਰੰਥ ਨੂੰ ਵਾਰਤਕ ਕਿਹਾ ਜਾਂਦਾ ਹੈ। "ਗਲ" ਸ਼ਬਦ "ਗਦ੍" ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਅਜਿਹਾ ਬੋਲ ਜੋ ਸਮਝ ਵਿਚ ਆ ਜਾਵੇ (ਸੰਸਕ੍ਰਿਤ ਸ਼ਬਦਾਰਥ ਕੋਸ਼ਤਭ, ਪੰਨਾ ੮੭੮)। ਉਪਰੋਕਤ ਚਰਚਾ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਕਿਸੇ ਰਚਨਾ ਦੀ ਖ਼ਾਸ ਕਰ ਛੰਦਬੱਧ ਰਚਨਾ ਦੀ, ਸਰਲ, ਸਪੱਸ਼ਟ ਵਿਆਖਿਆ ਨੂੰ ਵਾਰਤਕ ਆਖਿਆ ਜਾਂਦਾ ਹੈ। ਸਰਲਤਾ, ਸਪੱਸ਼ਟਤਾ ਅਤੇ ਸੁਨਿਸ਼ਚਿਤਤਾ ਇਸ ਵਾਰਤਕ ਦੇ ਅਮੀਰੀ ਗੁਣ ਹਨ। ਇਨ੍ਹਾਂ ਜੁਗਤਾਂ ਦੀ ਵਰਤੋਂ ਵਾਰਤਕਾਰ ਆਪਣੇ ਚਿੰਤਨਸ਼ੀਲ ਅਤੇ ਜਟਿਲ ਵਿਚਾਰਾਂ ਨੂੰ ਪਾਠਕਾਂ ਤੱਕ ਸਪੱਸ਼ਟ ਭਾਂਤ ਪਹੁੰਚਾਉਣ ਲਈ ਵਰਤਦਾ ਹੈ। ਪੰਜਾਬੀ ਵਾਰਤਕ ਤਿੰਨ ਵਰਗਾਂ ਵਿਚ ਵੰਡੀ ਜਾਂਦੀ ਹੈ: 1) ਬਿਆਨੀਆ ਵਾਰਤਕ (ਜਿਸ ਵਿਚ ਕਿਸੇ ਸਥਾਨ, ਵਸਤੂ, ਕਰਮ ਜਾਂ ਲੋਕਾਂ ਦਾ ਵਰਣਨ ਹੋਵੇ), 2) ਵਿਆਖਿਆਮਈ ਅਤੇ 3) ਭਾਵਾਤਮਕ ਵਾਰਤਕ। ਇਹ ਤਿੰਨੋ ਅੰਸ਼ ਇਕੱਲੇ ਵੀ ਹੋ ਸਕਦੇ ਹਨ ਅਤੇ ਕਿਸੇ ਰਚਨਾ ਵਿਚ ਤਿੰਨਾਂ ਦਾ ਸਮੂਹਿਕ ਮਿਸ਼ਰਨ ਵੀ ਹੋ ਸਕਦਾ ਹੈ।

ਜਨਮ ਸਾਖੀਆਂ ਦਾ ਕੇਂਦਰ-ਬਿੰਦੂ ਗੁਰੂ ਨਾਨਕ ਹੈ। ਜਨਮ ਸਾਖੀਆਂ ਦੀ ਸਿਰਜਨਾ ਗੁਰੂ ਨਾਨਕ ਦੇ ਨਾਇਕਤਵ ਨੂੰ ਉਤਾਰਨ ਅਤੇ ਸਥਾਪਿਤ ਕਰਨ ਦੇ ਉਦੇਸ਼ ਨਾਲ ਹੋਈ ਹੈ। ਜਨਮ ਸਾਖੀਆਂ ਵਿਚ ਸਮਕਾਲੀ ਸਮੇਂ ਦੀਆਂ ਹੋਰ ਵਾਰਤਕ ਵੰਨਗੀਆਂ ਜਿਵੇਂ: ਪਰਮਾਰਥ, ਗੋਸ਼ਟਾਂ, ਟੀਕਿਆਂ, ਬਚਨਾਂ ਤੇ ਮਹਾਤਮਾ ਦੇ ਅੰਸ਼ ਦਾ ਮਿਲਗੋਭਾ ਅੰਸ਼ ਵੀ ਮਿਲਦਾ ਹੈ। ਜੇਕਰ ਅਸੀਂ ਧਿਆਨ ਕੇਂਦਰਤ ਕਰਕੇ ਜਨਮ ਸਾਖੀਆਂ ਨੂੰ ਪੜਚੋਲੀਏ ਤਾਂ ਜਨਮ ਸਾਖੀਆਂ ਵਿਚ ਸੰਯੋਗਾਤਮਕਤਾ ਜ਼ਿਆਦਾ ਪ੍ਰਬੱਲ ਦਿਖਾਈ ਦਿੰਦੀ ਹੈ। ਇਹ ਵਾਰਤਕ ਕਾਵਿਕ ਸਿਰਜਨਾ ਵਿਚ ਤਰਕ ਤੇ ਚਿੰਤਨਾਂ ਦੀ ਪੇਸ਼ਕਾਰੀ ਕਰਦੀ ਹੈ। ਇਸ ਵਿਚ ਮਿੱਥ, ਇਤਿਹਾਸ, ਗਲਪ, ਜੀਵਨੀ ਆਦਿ ਸਭ ਦਾ ਅੰਸ਼ ਮਿਲਦਾ ਹੈ। ਮੱਧਕਾਲੀ ਜਨਮ ਸਾਖੀਆਂ ਦੀ ਸਿਰਜਨਾ ਨੂੰ ਕਿਸੇ ਇਕ ਪੱਖ ਵਿਚ ਰੱਖ ਕੇ ਨਹੀਂ ਪੜਚੋਲਿਆ ਜਾ ਸਕਦਾ ਕਿਉਂਕਿ ਇਨ੍ਹਾਂ ਜਨਮ ਸਾਖੀਆਂ ਦੇ ਰਚਨਾ ਕਾਲ ਬਾਰੇ ਕੋਈ ਸਪੱਸ਼ਟ ਅਤੇ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਨਾ ਹੀ ਇਹਨਾਂ ਦੇ ਰਚਨਾ ਹਾਰਿਆ ਦੇ ਨਾਂ ਮਿਲਦੇ ਹਨ। ਅਸਲ ਵਿਚ ਜਮਨ ਸਾਖੀਆਂ ਮੌਖਿਕ ਪਰੰਪਰਾ ਦਾ ਕਾਰਜ ਹੈ ਜੋ ਸਮੇਂ ਅਤੇ ਸਥਾਨ ਦੇ ਪਰਿਵਰਤਨ ਨਾਲ ਲਿਖਤੀ ਰੂਪ ਅਖਤਿਆਰ ਕਰਦੀਆਂ ਰਹੀਆਂ ਹਨ। ਇਹੀ ਕਾਰਨ ਹੈ ਕਿ ਇਕੋ ਸਾਥੀ ਨੂੰ ਵੱਖ-ਵੱਖ ਸਾਹਿਤਕ ਜਮਨ ਸਾਖੀਆਂ ਵਿਚ ਵੱਖ-ਵੱਖ ਰੂਪ ਵਿਚ ਪਰਿਵਰਤਨ ਨਾਲ ਪੇਸ਼ ਕਰਿਆ ਗਿਆ ਜਿਸ ਵਿਚ ਸਾਥੀ ਦਾ ਵੀ ਬਦਲਾਅ ਪਾਇਆ ਗਿਆ ਹੈ ਭਾਵ ਕਿ ਇਕੋ ਸਾਥੀ ਦੋ ਸੰਰਕਹਿਆਂ ਵਿਚ ਹੈ ਤਾਂ ਉਸਦੇ ਆਕਾਰ ਅਤੇ ਅੰਗਾਂ ਅੰਸ਼ਾਂ ਵਿਚ ਅੰਤਰ ਵੀ ਦੇਖਣ ਨੂੰ ਮਿਲਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਜਨਮ ਸਾਖੀਆਂ ਦਾ ਰਚਨਾ-ਕਰਮ ਅਤੇ ਰਚਨਾ ਮਨੋ-ਸਥਿਤੀ ਵੀ ਵੱਖਰੀ ਹੁੰਦੀ ਹੈ।

## ਜਨਮ ਸਾਖੀਆਂ ਦਾ ਭਾਸ਼ਾਈ ਅਧਿਐਨ:

## ਇਸ ਦੇ ਅੰਤਰਗਤ ਅਸੀਂ ਚਾਰ ਜਨਮ ਸਾਖੀਆਂ ਦਾ ਵਰਣਨ ਕਰਾਂਗੇ:

1। . ਪੁਰਾਤਨ ਜਨਮ ਸਾਖੀ, ਸੰਪਾਦਕ ਭਾਈ ਵੀਰ ਸਿੰਘ

2। . ਜਨਮ ਸਾਖੀ ਭਾਈ ਬਾਲਾ, ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ

3। . ਜਨਮ ਸਾਖੀ ਸੋਢੀ ਮਿਹਰਬਾਨ ਵਾਲੀ, ਸੰਪਾਦਕ ਡਾ. ਕਿਰਪਾਲ ਸਿੰਘ

4। . ਆਦਿ ਸਾਖੀਆਂ, ਸੰਪਾਦਕ ਸੰਭੂ ਨਾਥ ਵਾਲੀ ਜਨਮਪੱਤ੍ਰੀ

ਇਨ੍ਹਾਂ ਜਨਮ ਸਾਖੀਆਂ ਦੇ ਸੰਪਦਕਾਂ ਨੇ ਇਹ ਗੱਲ ਸਪੱਸ਼ਟ ਕਰੀ ਹੈ ਕਿ ਇਹ ਰਚਨਾਵਾਂ ਉਨ੍ਹਾਂ ਦੀ ਮੂਲ ਰਚਨਾ ਨਹੀਂ ਹੈ ਬਲਕਿ ਕਿਸੇ ਹੋਰ ਰਚਨਾ ਤੋਂ ਕਾਪੀ ਦਾ ਉਤਾਰਾ ਕਰਕੇ ਰਚੀ ਗਈ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਕੋ ਸਾਖੀ ਵਿਚ ਵੱਖੋ-ਵੱਖ ਅੰਤਰ ਦੇਖਣ ਨੂੰ ਮਿਲਦਾ ਹੈ ਭਾਸ਼ਾ ਵਿਚ ਵੀ ਇਹ ਅੰਤਰ ਦ੍ਰਿਸ਼ਟੀਮਾਨ ਹੁੰਦਾ ਹੈ। ਭਾਈ ਵੀਰ ਸਿੰਘ, ਡਾ. ਕਿਰਪਾਲ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਕਿਹਾ ਹੈ ਕਿ ਰਚਨਾ ਨੂੰ ਜ਼ਿਆਦਾ ਸਪੱਸ਼ਟ, ਸਰਲ ਅਤੇ ਸੁਨਿਸ਼ਚਿਤ ਅਰਥਮਈ ਬਣਾਉਣ ਲਈ ਕਿਧਰੇ-ਕਿਧਰੇ ਬਿੰਦੀ, ਟਿੱਪੀ ਵੀ ਲਾਈ ਗਈ ਹੈ। ਇਸ ਤਰ੍ਹਾਂ ਵਾਧੂ ਦੀਆਂ ਲਗਾਮਾਤਰਾਵਾਂ ਅਤੇ ਲਗਾਖਰਾਂ ਦੀ ਵਰਤੋਂ ਨੇ ਭਾਸ਼ਾਈ ਅੰਤਰ ਪੈਦਾ ਕਰ ਦਿੱਤਾ ਹੈ। ਇਹ ਅੰਤਰ ਉਦੋਂ ਦ੍ਰਿਸ਼ਟੀਮਾਨ ਹੋਇਆ ਜਦੋਂ ਪ੍ਰੋ. ਸਾਹਿਬ ਸਿੰਘ ਜੀ ਨੇ "ਗੁਰਬਾਣੀ ਵਿਆਕਰਣ" ਲਿਖਕੇ ਭਾਸ਼ਾ ਦਾ ਬਹੁਪੱਖੀ ਤਕਨੀਕੀ ਵਿਸ਼ਲੇਸ਼ਣ ਕਰਿਆ। ਬੇਸ਼ੱਕ ਇਹ ਮੁਕੰਮਲ ਵਿਆਕਰਣ ਨਹੀਂ ਪਰੰਤੂ ਵਾਰਤਕ ਵਿਚ ਵਾਰਤਕ ਦੀਆਂ ਮੱਧਕਾਲੀ ਰਚਨਾਵਾਂ ਦੇ ਅਧਿਐਨ ਵਿਚ ਕਾਫ਼ੀ ਮਹੱਤਵਪੂਰਨ ਹੈ। ਇਨ੍ਹਾਂ ਵਿਚ ਕਾਰਕੀ ਪਿਛੇਤਰ, ਸੰਬੰਧਕਾਂ, ਕ੍ਰਿਆ ਰੂਪਾਂ, ਵਚਨ, ਲਿੰਗ, ਪੁਲਿੰਗ, ਨਾਵਾਂ ਅਤੇ ਵਿਸ਼ੇਸ਼ਤਾਵਾਂ ਵਿਚ ਅੰਤਰ ਨਜ਼ਰ ਆਉਂਦਾ ਹੈ। ਵਾਕ ਰਚਨਾ ਜੋ ਅੱਜ ਲਿਖੀ ਜਾ ਰਹੀ ਹੈ ਜਨਮ ਸਾਖੀਆਂ ਦੀ ਭਾਸ਼ਾ ਵਿਚ ਵਾਕ ਛੋਟੇ-ਛੋਟੇ ਹਨ ਅਤੇ ਆਮ ਤੌਰ 'ਤੇ ਸਾਧਾਰਨ ਵਾਕ ਹੀ ਹਨ। ਸੰਯੁਕਤ ਅਤੇ ਮਿਸ਼ਰਤ ਬਹੁਤ ਘੱਟ ਹਨ। ਜਿਵੇਂ: ਬਾਬੇ ਨਾਨਕ ਮਾਤਾ ਸਦਾਇਕ ਲਈ......... ਆਦਿ ਸਾਖੀਆਂ, ਪੰਨਾ 60

## ਜਨਮ ਸਾਖੀਆਂ ਦਾ ਮਨੋਵਿਗਿਆਨਕ ਅਧਿਐਨ:

ਮਨੁੱਖੀ ਮਨ ਦੇ ਤਿੰਨ ਭਾਗ ਹਨ: ਸੁਚੇਤ, ਅਚੇਤ ਅਤੇ ਅਰਥ ਸੁਚੇਤ (ਜਿਸਨੂੰ ਅੰਗਰੇਜ਼ੀ ਵਿਚ ਙਰਅਤਜਚਤ੍ਓਅਫਰਅਤਜਚਤ੍ ਛਚਲ ਙਰਅਤਜਚਤ ਕਿਹਾ ਜਾਂਦਾ ਹੈ।) ਇਸੇ ਤਰ੍ਹਾਂ ਮਨੁੱਖੀ ਚੇਤਨਾ ਦੇ ਤਿੰਨ ਪ੍ਰਮੁੱਖ ਯੁੱਗ ਮੰਨੇ ਜਾਂਦੇ ਹਨ: ਮਿਥਿਹਾਸ, ਧਰਮ ਅਤੇ ਵਿਗਿਆਨ। ਇਨ੍ਹਾਂ ਤਿੰਨਾਂ ਯੁੱਗਾਂ ਵਿਚ ਮਨੁੱਖ ਆਪਣੇ ਮਨ ਵਿਚ ਉਪਜਣ ਵਾਲੇ ਹਰ ਪ੍ਰਸ਼ਨ ਦਾ ਉੱਤਰ ਅਰਜਿਤ ਕਰੇ ਹੋਏ ਸਮਕਾਲੀ ਗਿਆਨ ਨਾਲ ਦਿੰਦਾ ਹੈ। ਜਿਵੇਂ: ਸੰਸਾਰ ਦੀ ਉਤਪੱਤੀ, ਜੀਵਨ ਦਾ ਪ੍ਰਯੋਜਨ, ਪ੍ਰਾਕ੍ਰਿਤਿਕ ਵਰਤਾਰੇ, ਆਫ਼ਤਾਂ, ਬਿਮਾਰੀਆਂ, ਹੜ੍ਹਾਂ, ਭੂਚਾਲ ਆਦਿ ਸੰਬੰਧੀ ਤਿੰਨਾਂ ਯੁੱਗਾਂ ਵਿਚ ਵੱਖ-ਵੱਖ ਸੰਕਲਪ ਦੀ ਅਭਿਵਿਅਕਤੀ ਮਨੁੱਖੀ ਮਨ ਦੇ ਮਨੋਵਿਗਿਆਨਕ ਅਨੁਭਵ ਦੀ ਹੈ। ਸਾਖੀਕਾਰਾਂ ਨੇ ਗੁਰੂ ਨਾਨਕ ਦੇ ਵਿਅਕਤੀਤਵ ਨੂੰ ਨਾਇਕ ਤੋਂ ਦੇਵਤਾ ਵਿਚ ਪੇਸ਼ ਕਰਨਾ ਸੀ। ਇਸ ਕਰਕੇ ਉਨ੍ਹਾਂ ਅਚੇਤ ਹੀ ਗੁਰੂ ਸਾਹਿਬ ਨੂੰ ਇਕ ਮਨੁੱਖ ਵਜੋਂ ਨਹੀਂ ਇਕ ਅਵਤਾਰ, ਪੈਗੰਬਰ ਵਜੋਂ ਪੇਸ਼ ਕਰਿਆ ਹੈ। ਗੁਰੂ ਸਾਹਿਬ ਨੇ ਵਹਿਮਾ-ਭਰਮਾਂ, ਸ਼ਰਾਧਾਂ, ਵਰਤਾਂ, ਤੀਰਕ-ਯਾਤਰਾਵਾਂ, ਕਰਾਮਾਤਾਂ-ਚਮਤਕਾਰਾਂ ਆਦਿ ਦਾ ਖੰਡਨ ਕੀਤਾ ਪਰ ਸ਼ਰਧਾਲੂ ਆਪਣੇ ਮਨੋਵਿਗਿਆਨਕ ਸਮਝ, ਬੁੱਧੀ, ਵਿਵੇਕ ਨਾਲ ਇਸ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਬਣਾ ਲੈਂਦੇ ਹਨ। ਜਿਸ ਵਿਚ ਗੁਰੂ ਜੀ ਇਕ ਦੇਵਤਾ ਵਜੋਂ ਸਵੀਕਾਰ ਕਰੇ ਜਾਂਦੇ ਹਨ। ਸ਼ਾਇਦ ਇਸੇ ਕਰਕੇ ਹਰ ਧਰਮ ਦੇ ਅਨੁਯਾਈਆਂ ਨੇ ਆਪਣੇ ਧਰਮ ਦੇ ਪੈਰੋਕਾਰਾਂ ਨਾਲ ਅਚੇਤ ਹੀ ਕੁਝ ਕਹਾਣੀਆਂ, ਕਰਾਮਾਤਾਂ, ਚਤਮਕਾਰ ਆਦਿ ਜੋੜ ਦਿੱਤੀਆਂ ਤਾਂ ਜੋ ਮਨੁੱਖੀ ਮਨ ਦੇ ਚੇਤਨ ਤੋਂ ਅਚੇਤਨ ਵਿਚ ਇਹ ਖਿਆਲ ਉਨ੍ਹਾਂ ਦਾ ਹੋ ਸਕੇ। ਕਿਉਂਕਿ ਮਨੋਵਿਗਿਆਨ ਦੇ ਪੱਖ ਤੋਂ ਜੋ ਅਸੀਂ ਜ਼ਿੰਦਗੀ ਵਿਚ ਕਾਰਜ ਕਰਦੇ ਹੋਏ ਜਾਂ ਕਿਉਂਕਿ ਜੀਵਨ ਵਿਚ ਭੁੱਲ ਜਾਣ ਦੀ ਚੇਸ਼ਟਾ ਕਰਦੇ ਹਾਂ ਉਹ ਸਭ ਭੁੱਲਦਾ ਨਹੀਂ ਬਲਕਿ ਸਾਡੇ ਅਚੇਤ ਮਨ ਦੀਆਂ ਗਹਿਰਈਆਂ ਵਿਚ ਚਲਾ ਜਾਂਦਾ ਹੈ। ਜਿਸਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਵਿਚ ਮਨੁੱਖੀ ਅਨੁਭਵ ਸਮੋਏ ਹੁੰਦੇ ਹਨ ਜਾਂ ਯਾਦਾਂ ਦਾ ਕਾਰਜ ਅਚੇਤ ਮਨ ਵਿਚੋਂ ਉਸਰਦਾ ਹੈ। ਸੁਚੇਤ ਮਨ ਵਿਚ ਆਲੇ-ਦੁਆਲੇ, ਵਾਤਾਵਰਣ, ਸਥਿਤੀ ਅਤੇ ਆਤਮ ਸਮਝੋਤਾ ਹੁੰਦਾ ਹੈ। ਇਹ ਸਭ ਕਾਰਜ ਹੁੰਦਾ ਤਾਂ ਮਨੁੱਖੀ ਚੇਤਨਾ ਵਿਚ ਹੈ ਪਰੰਤੂ ਮਨੋਵਿਗਿਆਨ ਅਨੁਸਾਰ ਮਨੁੱਖ ਕਦੇ ਪੂਰਨ ਸੁਚੇਤ ਨਹੀਂ ਹੋ ਸਕਦਾ। ਅਰਥ ਚੇਤਨਾ ਵਿਚ ਬਚਪਨ ਦੀਆਂ ਸਭ ਸੁਣੀਆਂ-ਸੁਣਾਈਆਂ ਕਹਾਣੀਆਂ ਆ ਜਾਂਦੀਆਂ ਹਨ। ਸਾਖੀਕਾਰਾਂ ਨੇ ਮਨੁੱਖੀ ਮਨ ਦੇ ਅਚੇਤ ਅਤੇ ਅਰਥ ਚੇਤਨ ਮਨ ਵਿਚ ਉਸਾਰੇ ਗੁਰੂ ਨਾਨਕ ਨੂੰ ਆਦਰਸ਼ ਪੁਰਸ਼ ਵਜੋਂ ਪੇਸ਼ ਕਰਿਆ ਹੈ। ਭਾਵ ਬਚਪਨ ਦੀਆਂ ਕਰਾਮਾਤੀ ਕਹਾਣੀਆਂ ਅਤੇ ਦੂਜੇ ਪਾਸੇ ਆਦਰਸ਼ ਮਹਾਂਪੁਰਖਾਂ ਦੇ ਜੀਵਨੀ ਬਖਿਆਨ ਕਰਕੇ ਇਸ ਕਾਰਜ ਨੂੰ ਪੁਨਰ-ਸਿਰਜਿਤ ਕਰਿਆ ਡਾ.

ਮਨਜੀਤ ਸਿੰਘ ਅਨੁਸਾਰ "ਜਨਮਸਾਖੀ ਭਾਰਤੀ ਮਿੱਥ-ਸਿਰਜਣ-ਯੋਗਤਾ ਦਾ ਹੀ ਨਿਭਾਉ ਹੈ। ਗੁਰੂ ਨਾਨਕ ਭਾਰਤੀ ਮਿੱਥ ਪਰੰਪਰਾ ਵਿਚ ਨਵੀਨਤਮ ਆਦਰਸ਼ ਪੁਰਖ ਹਨ। ਉਹ ਪਰੰਪਰਾ ਨੂੰ ਤੋੜਦੇ ਨਹੀਂ ਵਿਸਤਾਰਦੇ ਹਨ। ਜਨਮਸਾਖੀ ਦਾ ਨਾਇਕ ਸਦ ਭਾਵ-ਪੁਰਖ ਹੋ ਕੇ ਆਪਣਾ ਪ੍ਰਭਾਵ ਸਥਾਪਿਤ ਕਰਦਾ ਹੈ। ਤਣਾਉ ਜਾਂ ਟਕਰਾਓਂ ਦਾ ਰਾਤ ਜਨਮਸਾਖੀ ਬਣਤਰ ਦਾ ਰਾਹ ਨਹੀਂ। ਇਸੇ ਲਈ ਗੁਰੂ ਸਾਹਿਬ ਜਿੱਥੇ ਜਾਂਦੇ ਜਾਂ ਵਿਚਰਦੇ ਹਨ, ਉਥੇ ਸਦਭਾਵ ਵੀ ਵਿਚਰਦਾ ਹੈ।"[2] "ਵੇਈ ਪ੍ਰਵੇਸ" ਸਿਰਲੇਖ ਵਾਲੀ ਜਨਮਸਾਖੀ ਵਿਚ ਪਰਮੇਸ਼ਵਰ ਦਾ ਹੁਕਮ ਹੁੰਦਾ ਹੈ, "ਨਾਨਕ ਜਿਸ ਉਪਰਿ ਤੇਰੀ ਨਦਰਿ ਤਿਸ ਉਪਰਿ ਮੇਰੀ ਨਦਰ। ਜਿਸ ਉਪਰਿ ਤੇਰਾ ਕਰਮ, ਤਿਸੁ ਉਪਰ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮ ਪਰਮੇਸਵਰੁ, ਔਰ ਤੇਰਾ ਨਾਉ ਗੁਰੂ ਪਰਮੇਸੁਵਰ।" ਇੱਥੇ ਗੁਰੂ ਜੀ ਨੂੰ ਜਗਤ ਤੇ ਪਰਲੋਕ ਵਿਚਕਾਰ ਵਿਚੋਲਾ ਬਣਾਕੇ ਪੇਸ਼ ਕਰਨਾ ਮਨੋਵਿਗਿਆਨਕ ਪੱਖ ਸਿਰਜਣਾ ਹੈ।

## ਜਨਮ ਸਾਖੀਆਂ ਦਾ ਸਭਿਆਚਾਰਕ ਅਧਿਐਨ:

ਹਰ ਰਚਨਾ ਵਿਚ ਸਮਕਾਲੀ ਸਮਾਜ ਦਾ ਦਰਪਣ ਝਲਕਦਾ ਹੈ। ਇਸੇ ਤਰ੍ਹਾਂ ਹੀ ਜਨਮ ਸਾਖੀਆਂ ਵਿਚੋਂ ਸਮਕਾਲੀ ਸਮਾਜ ਦਾ ਸਭਿਆਚਾਰਕ ਪੱਖ ਵੀ ਪ੍ਰਗਟ ਹੁੰਦਾ ਹੈ। ਗੁਰੂ ਜੀ ਦੇ ਸਮੇਂ ਸਮਾਜ ਵਿਚ ਹਿੰਦੂ, ਖੱਤਰੀ, ਮੁਸਲਮਾਨ ਆਦਿ ਜਾਤਾਂ ਦਾ ਵਰਣਨ ਮਿਲਦਾ ਹੈ। ਉਨ੍ਹਾਂ ਦੇ ਜੀਵਨ ਵਿਚ ਧਰਮ, ਵਹਿਮ-ਭਰਮ, ਰਸਮੋਂ-ਰਿਵਾਜ਼ਾਂ ਦਾ ਬਹੁਤ ਪ੍ਰਚਲਨ ਸੀ। ਜਿਸ ਪ੍ਰਤੀ ਉਨ੍ਹਾਂ ਦੀ ਅੰਨੀ ਸ਼ਰਧਾ ਸੀ। ਇਸ ਵਿਚ ਅੰਧ-ਵਿਸ਼ਵਾਸ ਦਾ ਆਪਣਾ ਕਾਰਜ ਖੇਤਰ ਸੀ ਜਿਸ ਕਾਰਨ ਲੋਕਾਂ ਦੇ ਜੀਵਨ ਵਿਚ ਅਨਿਸ਼ਚਿਤਾ ਦੀ ਸੋਚ ਭਾਰੂ ਹੋਈ ਰਹੀ। ਲੋਕ ਸਾਧੂਆਂ ਸੰਤਾਂ ਪ੍ਰਤੀ ਸ਼ਰਧਾ ਵੀ ਰੱਖਦੇ ਸੀ ਅਤੇ ਸਰਾਪ ਤੋਂ ਡਰਦੇ ਵੀ ਸੀ। ਸਮਾਜ ਵਿਚ ਭਗਤੀ ਲਹਿਰਾ ਦਾ ਆਪਣਾ ਵਹਾਅ ਰਿਹਾ ਜਿਸ ਵਿਚ ਸੂਫ਼ੀ ਕਵੀ ਅਤੇ ਸੰਤਾਂ ਦੇ ਪ੍ਰਵਚਨਾਂ ਨਾਲ ਧਾਰਮਿਕ ਕਾਰਜ ਹੁੰਦਾ ਰਿਹਾ। ਜਿਸ ਨਾਲ ਲੋਕ-ਜੀਵਨ ਵਿਚ ਜਨਮ-ਮਰਨ ਅਤੇ ਵਿਆਹ ਦੀਆਂ ਰਸਮਾਂ ਨੂੰ ਸਭਿਆਚਾਰਕ ਪਰਿਪੇਖ ਵਿਚ ਸਮੇਂ, ਸਥਾਨ ਅਤੇ ਰੁੱਤਾਂ ਦੇ ਸੰਦਰਭ ਵਿਚ ਸਿਰਜਿਆ ਗਿਆ ਜਿਨ੍ਹਾਂ ਨੂੰ ਅਸੀਂ ਅੱਜ ਵੀ ਆਪਣੀ ਜ਼ਿੰਦਗੀ ਦੀ ਆਧਾਰ ਸ਼ਿਲਾ ਮੰਨਦੇ ਹਾਂ। ਮੈਕਲਉਡ ਅਨੁਸਾਰ ਜਨਮ ਸਾਖੀਆਂ ਦੀ ਪ੍ਰਕ੍ਰਿਤੀ ਅਣਇਤਿਹਾਸਕ ਅਤੇ ਪਰਾਇਤਿਹਾਸਕ ਹੈ ਪਰ ਇਸ ਦੇ ਬਾਵਜੂਦ ਇਨ੍ਹਾਂ ਦੀ ਤਹਿ ਵਿਚ ਕਾਰਜਸ਼ੀਲ ਇਤਿਹਾਸਿਕ ਤੱਥਾਂ ਦੀ ਸਾਰਥਕਤਾ ਨੂੰ ਲੱਭਿਆ ਜਾ ਸਕਦਾ ਹੈ।"[3] ਇਸ ਦੇ ਆਧਾਰ ਤੇ ਜਨਮ ਸਾਖੀਆਂ ਵਿਚ ਕਰਮਾਤਾਂ ਰਾਹੀਂ ਵੱਖ-ਵੱਖ ਸਮਾਜ ਸਭਿਆਚਾਰਕ ਜੀਵਨ ਵਿਚ ਕਾਰਜ ਕਰੇ ਗਏ ਹਨ ਜਿਸ ਵਿਚ ਵਿਰੋਧੀ ਕਾਰਜ ਵਜੋਂ ਕਾਰਜ ਵਾਪਰਦਾ ਹੈ। ਇਹ ਸਭ ਕਾਰਜ ਸਮਾਜ ਸਭਿਆਚਾਰਕ ਪੱਖ ਦੇ ਨਾਲ ਨੈਤਿਕ, ਧਾਰਮਿਕ, ਸੰਪ੍ਰਦਾਇਕ, ਸੰਸਕ੍ਰਿਤੀ ਵਿਚਲੀਆਂ ਗੁੰਝਲਾਂ ਤੇ ਉਹਨਾਂ ਪ੍ਰਤੀ ਦਾਰਸ਼ਨਿਕ ਅਤੇ ਅਧਿਆਤਮਕ ਦ੍ਰਿਸ਼ਟੀਕੋਣ ਵੀ ਪੇਸ਼ ਕਰਦੀਆਂ ਹਨ।

## ਜਨਮ ਸਾਖੀਆਂ ਦੇ ਜੀਵਨ-ਮੁੱਲਾਂ ਦਾ ਅਧਿਐਨ:

ਮਨੁੱਖੀ ਮੁੱਲਾਂ ਦੀ ਭਾਰਤੀ ਅਤੇ ਪੱਛਮੀ ਦੋਹਾਂ ਦ੍ਰਿਸ਼ਟੀਆਂ ਤੋਂ ਵਿਆਖਿਆ ਕੀਤੀ ਜਾ ਰਹੀ ਹੈ। ਭਗਤੀ ਦ੍ਰਿਸ਼ਟੀ ਤੋਂ ਪ੍ਰਾਚੀਨ ਧਾਰਾਵਾਂ "ਪੁਰਸਾਰਥ" ਤੇ ਆਧਾਰਿਤ ਹੈ ਇਸ ਵਿਚ ਧਰਮ, ਅਰਥ, ਕਾਮ ਅਤੇ ਮੋਕਸ਼ ਸ਼ਾਮਿਲ ਹੈ ਪੁਰਸਾਰਥ ਦਾ ਅਰਥ ਹੈ "ਪੁਰਸ਼ ਦੇ ਲਕਸ਼"। ਪਰੰਤੂ ਪੱਛਮੀ ਧਾਰਵਾਂ ਵਿਚ ਕੁਝ ਅੰਤਰ ਹੈ ਇਹ ਅੰਤਰ ਜੀਵਨ-ਮੁੱਲਾਂ ਪ੍ਰਤੀ ਨਹੀਂ ਬਲਕਿ ਜੀਵਨ ਦੇ ਕਾਰਜ-ਖੇਤਰ ਆਧਾਰ 'ਤੇ ਹੈ। ਉਹਨਾਂ ਅਨੁਸਾਰ, "ਅਰਥ ਅਤੇ ਕਾਮ" ਦੀ ਇਕੋ-ਲੌਕਿਕਤਾ ਨਾਲ ਸੰਬੰਧਿਤ ਹਨ ਜਦ ਕਿ "ਧਰਮ ਅਤੇ ਮੋਖ" ਦਾ ਸੰਦਰਭ ਜੀਵਨ ਦੀ ਪਰਲੋਕਿਕਤਾ ਨਾਲ ਹੈ। ਪੱਛਮੀ ਵਿਦਵਾਨ ਨੀਤੀ, ਦਰਸ਼ਨ, ਵਿਗਿਆਨ, ਮਨੋਵਿਗਿਆਨ, ਸੌਂਦਰਯ, ਸਮਾਜ, ਜੀਵਿਕ ਵਿਗਿਆਨ ਇਤਿਆਦਿ ਦੇ ਆਧਾਰ 'ਤੇ ਜੀਵਨ ਮੁੱਲਾਂ ਦੀ ਵਿਆਖਿਆ ਕਰਦੇ ਹਨ। ਡਾ. ਰਤਨ ਸਿੰਘ ਜੋਗੀ ਅਨੁਸਾਰ "ਪੁਰਾਤਨ ਜਨਮਸਾਖੀ" ਵਿਚ ਤਾਂ ਇੱਕ ਤਰ੍ਹਾਂ ਨਾਲ ਗੁਰੂ ਨਾਨਕ ਦੇਵ ਜੀ ਦੇ ਨਰ ਤੋਂ ਨਰਾਇਣ ਹੋਣ ਦਾ ਸਪੱਸ਼ਟ ਪਰਿਚਯ ਮਿਲਦਾ ਹੈ। ਇਸ ਕਰਕੇ ਡਾ. ਰਤਨ ਸਿੰਘ ਨੇ ਪ੍ਰਸਤੁਤ ਜਨਮਸਾਖੀ ਦਾ ਵਿਸ਼ਲੇਸ਼ਣ ਕਰਨ ਸਮੇਂ ਇਸ ਵਿਚ ਨਰ ਤੋਂ ਨਰਾਇਣ ਹੋਣ ਦੀ ਧਾਰਨਾ ਉੱਤੇ ਵਿਸ਼ੇਸ਼ ਬਲ ਦਿੱਤਾ ਹੈ।"[4] ਮੁੱਲੋਂ ਚਰਚਾ ਕਰਨ ਲਈ ਭਾਰਤੀ ਅਤੇ ਪੱਛਮੀ ਦੋਹਾਂ ਹੀ ਵਿਦਵਾਨਾਂ ਦੀਆਂ ਸਰਵ ਸਾਖੀਆਂ ਮੁੱਲ ਨਿਧਾਰਕ ਹਨ: 1) ਵਿਅਕਤੀਗਤ ਮੁੱਲ, 2) ਸਮਾਜਿਕ ਮੁੱਲ, 3) ਰਾਜਨੀਤਿਕ ਮੁੱਲ, 4) ਅਧਿਆਤਮਿਕ ਮੁੱਲ। ਇਸੇ ਆਧਾਰ ਉੱਪਰ ਜਨਮਸਾਖੀ ਦਾ ਜੀਵਨ ਮੁੱਲ ਨਿਸ਼ਚਿਤ ਕਰਦੇ ਹਾਂ। "ਪੁਰਾਤਨ ਜਨਮਸਾਖੀ" ਬ੍ਰਿਤਾਂਤਿਕ ਸ਼ੈਲੀ ਵਿਚ ਲਿਖੀ ਗਈ ਹੈ। ਜਿਸ ਵਿਚ ਘਟਨਾਕ੍ਰਮ ਨੂੰ ਅਜਿਹੇ ਢੰਗ ਨਾਲ ਬਿਆਨ ਕਰਿਆ ਗਿਆ ਹੈ ਕਿ ਗੁਰੂ ਸਾਹਿਬ ਪੋਰਾਣਿਕ ਦੇਵੀ ਰੂਪ ਵਿਚ ਸਵੀਕਾਰੇ ਜਾਂਦੇ ਹਨ। ਇਸ ਦੀ ਮਿਸਾਲ ਹੈ ਜਦੋਂ ਗੁਰੂ ਨਾਨਕ ਤੇ ਬਾਬਰ ਦਾ ਕੈਦੀਆਂ ਨੂੰ ਛੱਡਣ ਦਾ ਪ੍ਰਸੰਗ। ਇਸੇ ਤਰ੍ਹਾਂ ਹੀ ਮੁੱਲ ਨਿਰਧਾਰਿਤ ਕਰਨ ਵਿਚ ਅਗਲਾ ਤੱਤ ਯੁੱਗ ਬੋਧ ਹੈ। ਸਾਖੀਕਾਰ ਜਿਸ ਨਾਲ ਕਾਲ

ਵਿਚ ਵਿਚਰਦਾ ਹੈ ਉਸੇ ਅਨੁਸਾਰ ਆਪਣੀ ਰਚਨਾਤਮਕ ਸਮੱਰਥਾ ਅਨੁਸਾਰ ਕਲਾ ਦੇ ਰੂਪ ਵਿਚ ਪ੍ਰਤੀਪਾਦਿਤ ਕਰ ਦਿੰਦਾ ਹੈ ਜਿਸ ਵਿਚ ਦੇਸ਼ ਕਾਲ ਦਾ ਬੋਧ ਹੁੰਦਾ ਹੈ। ਇਹ ਬੋਧ ਸੁਚੇਤ ਤੋਂ ਅਚੇਤ ਕਿਸੇ ਵੀ ਰੂਪ ਵਿਚ ਹੋ ਸਕਦਾ ਹੈ। ਗੁਰੂ ਨਾਨਕ ਜੀ ਦੀਆਂ ਉਦਾਸੀਆਂ ਜਿਥੇ ਕਾਲ ਬੋਧ ਦਾ ਸੰਕੇਤ ਕਰਦੀਆਂ ਹਨ ਨਾਲ ਹੀ ਸਮਾਜ ਜੀਵਨ ਦੇ ਮੁੱਲਾਂ ਪ੍ਰਤੀ ਨਿਸ਼ਾਨਦੇਹੀ ਕਰਦੀਆਂ ਹਨ। ਸਮਾਜਿਕ ਮੁੱਲਾਂ ਦੇ ਪਰਿਪੇਖ ਵਿਚ ਗੁਰੂ ਸਾਹਿਬ ਨੇ ਜਮਨਸਾਖੀ ਵਿਚ ਕਰਮ ਦਾ ਸਿਧਾਂਤ ਦਿੱਤਾ ਅਤੇ ਜਾਤ-ਪਾਤ, ਵਰਗਾ, ਵਰਣਾਂ ਅਤੇ ਹੋਰ ਛੂਤ-ਛਾਤ ਦਾ ਸਮਾਜਿਕ ਵਿਰੋਧ ਕਰਕੇ ਮਾਨਵੀਂ ਮੁੱਲਾਂ ਦਾ ਪ੍ਰਚਾਰ ਕੀਤਾ ਜਿਸ ਵਿਚ ਇਨਸਾਨੀਅਤ ਦਾ ਸਤਿਕਾਰ, ਹਮਦਰਦੀ ਲਈ ਪ੍ਰੇਰਿਆ ਅਤੇ ਅਜਿਹਾ ਕੋਈ ਕਾਰਜ ਨਾ ਕਰਨ ਲਈ ਪ੍ਰੇਰਿਆ ਜਿੰਨ੍ਹਾਂ ਨਾਲ ਸਮਾਜ ਦੀ ਮਰਿਆਦਾ ਖੰਡਿਤ ਹੁੰਦੀ ਹੋਵੇ। ਅਧਿਆਤਮਕ ਮੁੱਲਾਂ ਵਿਚ ਜੀਵਨ ਦੀ ਕਾਰਜ ਵਿਵਹਾਰ ਵਿਚ ਜ਼ਿੰਮੇਵਾਰੀ ਪੂਰਨ ਕਰਦਿਆਂ ਪਰਮਾਤਮਾ ਪ੍ਰਤੀ ਧੁਰ ਅੰਦਰੋਂ ਜੁੜੇ ਰਹਿਣਾ। ਇਸੇ ਕਰਕੇ ਜਨਮਸਾਖੀ ਅਲੌਕਿਕ ਅਤੇ ਅਧਿਆਤਮਕ ਪੱਖਾਂ ਦੀ ਪੁਸ਼ਟੀ ਕਰਦੇ ਹਨ ਜਿਵੇਂ: ਕਰਾਮਾਤਾ ਦੇ ਕਾਰਜ ਰਾਹੀਂ।

## ਜਨਮ ਸਾਖੀਆਂ ਦਾ ਇਤਿਹਾਸਕ ਪੱਖੋਂ ਤੋਂ ਅਧਿਐਨ:

ਜਨਮ ਸਾਖੀਆਂ ਦਾ ਉਦੇਸ਼ ਗੁਰੂ ਨਾਨਕ ਜੀ ਦੀ ਪ੍ਰਸਿੱਧੀ ਨੂੰ ਸਥਾਪਿਤ ਕਰਨਾ ਹੈ। ਕਿਸੇ ਸਾਖੀ ਵਿਚ ਗੁਰੂ ਜੀ ਪੀਰ-ਫਕੀਰ, ਸਾਧੂ-ਸੰਨਿਆਸੀ ਅਤੇ ਪੰਡਿਤ ਜਾਂ ਕਾਜੀ ਨਾਲ ਗੋਸ਼ਟੀ ਕਰਦੇ ਹਨ ਅਤੇ ਬਾਬੇ ਨਾਨਕ ਦੀ ਵਿਜੈ ਹੁੰਦੀ ਹੈ। ਗੋਸ਼ਟੀ ਦਾ ਵਿਸ਼ਾ ਧਾਰਮਿਕ ਹੋਣ ਕਰਕੇ ਕਰਾਮਾਤਾਂ ਵੀ ਕਰੀਆਂ ਜਾਂਦੀਆਂ ਹਨ। ਇਹ ਗੁਰੂ ਜੀ ਕਰ ਸਕਦੇ ਹਨ ਕਿਉਂਕਿ ਪੌਣ-ਪਾਣੀ, ਅਗਨੀ, ਮਿੱਟੀ ਅਤੇ ਕਾਲ ਉਪਰੋਂ ਇਖਤਿਆਰ ਹੈ ਤੇ ਉਹ ਰੱਬ ਸਮਾਨ ਹਨ। ਪਰੰਪਰਾ ਦੇ ਬਦਲਣ ਨਾਲ ਜਨਮਸਾਖੀ ਵੀ ਬਦਲ ਜਾਂਦੀ ਹੈ। "ਮਿਹਰਬਾਨ ਜਨਮਸਾਖੀ" ਦੂਸਰੀਆਂ ਜਨਮ ਸਾਖੀਆਂ ਨਾਲੋਂ ਇਸੇ ਕਰਕੇ ਭਿੰਨ ਹੈ ਕਿਉਂਕਿ ਉਹ ਗੁਰੂ ਅਰਜਨ ਤੋਂ ਬਾਅਦ ਸਨਾਤਨੀ ਗੁਰੂ ਪ੍ਰਣਾਲੀ ਨੂੰ ਨਹੀਂ ਮੰਨਦੀ। ਇਸ ਤਰ੍ਹਾਂ ਦਾ ਪ੍ਰਮਾਏ ਬੁੱਧ ਧਰਮ ਹੀ ਪਰੰਪਰਾ ਬਦਲਣ ਵਿਚ ਮਿਲਦਾ ਹੈ-ਹੀਮਯਾਨ ਤੇ ਮਹਾਯਾਨ।" ਪੁਰਾਤਨ ਜਨਮਸਾਖੀ ਸਿੱਖ ਧਰਮ ਦੀ ਸਿਧਾਂਤਕ ਵਿਆਖਿਆ ਕਰਨੀ ਹੈ ਜਿਸ ਵਿਚ ਗੁਰੂ ਨਾਨਕ ਗੁਰੂ ਧਾਰਨ ਕਰੇ ਬਿਨਾਂ ਹੀ ਆਪੇ ਗੁਰੂ ਕਿਵੇਂ ਬਣ ਗਿਆ? ਉਸਦਾ ਪਰਮਾਤਮਾ ਨਾਲ ਕੀ ਸੰਬੰਧ ਹੈ? ਜਦੋਂ ਕਿ ਗੁਰੂ ਅੰਗਦ ਨੂੰ ਗੱਦੀ ਉਸੇ ਗਿਆਨ ਕਰਕੇ ਮਿਲੀ ਸੀ। ਇਹ ਜਨਮ ਸਾਖੀਆਂ ਬ੍ਰਿਤਾਂਤਿਕ ਸ਼ੈਲੀ ਵਿਚ ਲਿਖਿਆ ਗਈਆਂ ਹਨ। ਜਿਸ ਵਿਚ ਸਮਾਜ ਦੇ ਵਰਣਾਂ, ਜਾਤੀਆਂ ਦੇ ਸੁਧਾਰ ਲਈ ਉਦਾਸੀਆਂ ਕਰੀਆਂ ਜਿਨ੍ਹਾਂ ਦੀ ਮਾਨਤਾ ਇਤਿਹਾਸ ਸੰਦਰਭ ਵਿਚ ਪੰਜਾਬੀ ਸਾਹਿਤ ਵਿਚ ਸਵੀਕਾਰ ਕਰੀ ਗਈ ਹੈ। ਇਹਨਾਂ ਵਿਚ ਇਤਿਹਾਸ ਪੱਖੋਂ ਰਾਜਨੀਤਿਕ ਗਤੀਵਿਧੀਆਂ, ਸਮਾਜਿਕ ਕਾਰਜ ਅਤੇ ਧਾਰਮਿਕ ਕਾਰਜ ਦਾ ਵਰਣਨ ਮਿਲਦਾ ਹੈ ਜੋ ਜਨਮ ਸਾਖੀਆਂ ਦੇ ਇਤਿਹਾਸ ਮਹੱਤਵ ਨੂੰ ਪ੍ਰਗਟ ਕਰਦਾ ਹੈ।

## ਜਨਮ ਸਾਖੀਆਂ ਦਾ ਯੁੱਗ-ਚਿਤ੍ਰਣ ਪੱਖੋਂ ਅਧਿਐਨ:

"ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇਸ਼ ਦੀ ਵਾਗਡੋਰ ਲੋਧੀ ਪਠਾਣਾਂ ਦੇ ਹੱਥ ਸੀ। ਇਹਨਾਂ ਦਾ ਸ਼ਾਸਨ ਕਾਲ 1450-1526 ਈ. ਤੱਕ ਬਣਦਾ ਹੈ। 1504 ਈ. ਵਿਚ ਦੌਲਤ ਖ਼ਾਂ ਲੋਧੀ ਪੰਜਾਬ ਦਾ ਨਾਜ਼ਮ ਬਣਿਆ। ਉਹ ਆਮ ਤੌਰ 'ਤੇ ਸੁਲਤਾਨਪੁਰ ਕਿਹਾ ਕਰਦਾ ਸੀ। ਕਿਉਂਕਿ ਸਭ ਤੋਂ ਪਹਿਲਾਂ ਉਹਨੂੰ ਸੁਲਤਾਨਪੁਰ ਦੀ ਜਾਗੀਰ ਹੀ ਮਿਲੀ ਸੀ। ਜਦੋਂ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਵਿਖੇ ਮੋਦੀਖਾਨੇ ਦੀ ਨੌਕਰੀ ਕੀਤੀ, ਉਸ ਸਮੇਂ ਦੌਲਤ ਖ਼ਾਂ ਲੋਧੀ ਹੀ ਉਥੋਂ ਦਾ ਸ਼ਾਸ਼ਕ ਸੀ।"[5] ਇਸੇ ਤਰ੍ਹਾਂ ਪਠਾਣਾਂ, ਤੁਰਕਾਂ, ਮੁਗ਼ਲਾਂ ਦਾ ਰਾਜਨੀਤਿਕ ਚਿਤ੍ਰਣ ਮਿਲਦਾ ਹੈ। ਸਮਾਜਿਕ ਸਥਿਤੀ ਦੇ ਪਰਿਪੇਖ ਵਿਚ ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਕਣਕ ਮੁੱਖ ਫ਼ਸਲ ਹੈ। ਪਸ਼ੂਆਂ ਨੂੰ ਪਾਲਿਆ ਜਾਂਦਾ ਹੈ। ਵਾਪਰਕ ਕੇਂਦਰ ਵੀ ਹਨ ਜਿਵੇਂ ਗੁਰੂ ਜੀ ਨੂੰ ਵੀਹ ਰੁਪਈਏ ਦਾ ਵਪਾਰ ਕਰਨਲ ਲਈ ਕਿਹਾ ਜਾਂਦਾ ਹੈ। "ਸੱਚਾ ਸੌਦਾ" ਬਣ ਜਾਂਦੀ ਹੈ। ਸਮਾਜ ਵਿਚ ਨੌਕਰਾਂ, ਚਾਕਰਾਂ ਦਾ ਜ਼ਿਕਰ ਵੀ ਮਿਲਦਾ ਹੈ। ਮੁਲਾਜਮਾਂ ਨੂੰ ਤਨਖ਼ਾਹ ਨਕਦੀ ਤੇ ਅਨਾਜ ਵਿਚ ਮਿਲਦੀ ਹੈ। ਚੋਰੀ, ਠੱਗੀ ਅਤੇ ਡਾਕੇ ਆਦਿ ਮਾਰਨ ਦਾ ਜ਼ਿਕਰ ਵੀ ਮਿਲਦਾ ਹੈ। ਰਾਖਸ ਬੁੱਧੀ ਲੋਕਾਂ ਦਾ ਜ਼ਿਕਰ ਵੀ ਆਉਂਦਾ ਹੈ। ਵਹਿਮਾ-ਭਰਮਾਂ, ਕਰਮ-ਕਾਂਡ, ਭਗਤੀ, ਪੂਜਾ ਦਾ ਜ਼ਿਕਰ ਵੀ ਆਉਂਦਾ ਹੈ। ਕੌਡੇ ਰਾਖਸ਼ ਦਾ ਤਪਦਾ ਕੜਾਹਾ ਠੰਡਾ ਹੋ ਜਾਣਾ, ਸਰਪ ਛਾਇਆ। ਦਰੱਖ਼ਤਾਂ ਦੀ ਛਾਂ ਨਾ ਫਿਰਨੀ ਆਦਿ, ਚਮਤਕਾਰੀ ਘਟਨਾਵਾਂ ਵੀ ਮਿਲਦੀਆਂ ਹਨ। ਧਾਰਮਿਕ ਸਥਿਤੀ ਵਿਚ ਮੱਧਕਾਲੀ ਸਮਾਜ ਵਿਚ ਸਾਧੂਆਂ, ਸੰਤਾਂ, ਜੋਗੀਆਂ ਨਾਥਾਂ ਦਾ ਬੋਲਵਾਲਾ ਸੀ ਜਿਸ ਵਿਚ ਕਰਾਮਾਤਾਂ ਅਤੇ ਰਿਧੀਆਂ ਸਿੱਧਿਆਂ ਦਾ ਦੌਰ ਚਲਦਾ ਸੀ। ਇਸੇ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਨੇ ਗੋਰਖ ਨਾਲ ਗੋਸ਼ਟ ਕਰੀ ਜਿਸ ਦਾ ਵਿਸ਼ਾ ਧਰਮ ਹੀ ਬਣਿਆ। ਅਜਿਹਾ ਕਾਰਜ ਟਿੱਲਿਆਂ ਤੇ ਵਾਪਰੀਆਂ। ਇਸੇ ਤਰ੍ਹਾਂ ਸਮਕਾਲੀ ਜੈਨ ਧਰਮ ਦਾ ਵੀ ਬਹੁਤ ਪ੍ਰਚਾਰ ਕਰਿਆਂ

ਜਾਂਦਾ ਸੀ। ਧਾਰਮਿਕ ਪ੍ਰਭਾਵ ਹਿੰਦੂ ਧਰਮ ਦੇ ਵਿਚ ਜ਼ਿਆਦਾ ਸੀ ਜਿਸ ਵਿਚ ਵਿਆਹ, ਜਨਮ, ਮਰਨ ਅਤੇ ਹੋਰ ਸਮਾਜ ਰਸਮੋਂ-ਰਿਵਾਜ਼ ਕਰਦੇ ਜਾਂਦੇ ਸਨ।

## ਜਨਮਸਾਖੀ ਦਾ ਮਿੱਥ ਸਿਰਜਣ ਪੱਖੋਂ ਅਧਿਐਨ:

ਜਨਮ ਸਾਖੀਆਂ ਵਿਚਲਾ ਕਥਾ-ਰੂਪ, ਗੁਰੂ ਨਾਨਕ ਦੇਵ ਜੀ ਦੇ ਜੀਵਨ ਬ੍ਰਿਤਾਂਤ ਨੂੰ ਅਭਿਵਿਅਕਤ ਕਰਨ ਵਾਲੀ ਵਿਲੱਖਣ ਸਾਮਰਕੀ ਹੈ। ਜਿਸ ਵਿਚ ਪੌਰਾਣਿਕ ਅਤੇ ਮਿਥਿਕੀ ਤੱਤਾਂ ਨੂੰ ਵਧੇਰੇ ਸੰਜੀਵ ਰੂਪ ਵਿਚ ਪੇਸ਼ ਕਰਿਆ ਗਿਆ ਹੈ। ਗੁਰੂ ਸਾਹਿਬ ਨੂੰ ਇਕ ਆਦਰਸ਼ ਨਾਇਕ ਵਜੋਂ ਪੇਸ਼ ਕਰਨ ਲਈ ਸਾਖੀਕਾਰਾਂ ਨੇ ਸਾਖੀਆਂ ਵਿਚ ਅਜਿਹੇ ਅੰਸ਼ਾਂ ਨੂੰ ਸਿਰਜ ਦਿੱਤਾ ਜੋ ਮਿੱਥਕ ਜ਼ਿਆਦਾ ਹਨ ਅਧਿਆਤਮਕ ਘੱਟ ਹਨ। ਜੇਕਰ ਅਸੀਂ ਵਿਸਥਾਰ ਵਿਚ ਪੜਚੋਲ ਕਰੀਏ ਤਾਂ ਚਮਤਕਾਰੀ ਕਾਰਜ, ਰੂੜੀਗਤ ਰਹੁ-ਰੀਤਾਂ, ਕਰਮ ਕਾਡਾਂ ਦਾ ਖੰਡਨ, ਪ੍ਰਾਕ੍ਰਿਤਕ ਸ਼ਕਤੀਆਂ ਦਾ ਮਾਨਵੀਂਕਰਨ, ਆਦਿ ਲੱਛਣ ਹਨ ਜੋ ਜਨਮਸਾਖੀ ਦੇ ਵਿਚ ਮਿੱਥਕ ਪ੍ਰਤੀਤ ਹੁੰਦੇ ਹਨ। "ਆਦਿ ਸਚੁ ਜਗਾਇ ਸਚੁ, ਹੈ ਭੀ ਸਚੁ" ਇਥੇ ਪਰਮਾਤਮਾ ਦੀ ਸ਼ਕਤੀ ਕਬੂਲਦਿਆਂ ਜਨਮ ਸਾਖੀਆਂ ਵਿਚ "ਆਗਿਆ ਪਰਮੇਸ਼ਰ ਦੀ ਹੋਈ" ਦਾ ਵਾਕ ਵਾਰ-ਵਾਰ ਦੁਹਰਾਇਆਂ ਗਿਆ ਹੈ। ਭਾਵ ਕਿ ਗੁਰੂ ਜੀ ਪਰਮਾਤਮਾ ਦੀ ਰਜ਼ਾ ਵਿਚ ਹੀ ਲੋਕ ਨਿਸਤਾਰਣ ਦਾ ਕਾਰਜ ਕਰਦੇ ਹਨ। ਗੁਰੂ ਜੀ ਹੀ ਪਰਮਾਤਮਤਾ ਹਨ। ਜਿਨ੍ਹਾਂ ਨੂੰ ਤੇਤੀ ਕਰੋੜ ਦੇਵਤਿਆਂ, ਚੌਹਠ ਜੋਗੀਆਂ, ਬਵੰਜਾ ਵੀਰਾਂ, ਛੇ ਜਤੀਆਂ, ਚੁਰਾਸੀ ਸਿੱਧਾਂ, ਨੌਂ ਨਾਥਾਂ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ। ਮਿੱਥ ਕਾਰਜ ਇਹ ਹੈ ਕਿ ਅਧਿਆਤਮਕ ਮਹਾਂਪੁਰਸ਼ ਪਦਾਰਥਕ ਸਮਾਜ ਪ੍ਰਤੀ ਆਕਰਸ਼ਕ ਨਹੀਂ ਹੁੰਦੇ ਨਾ ਹੀ ਕੋਈ ਕਾਰਜ ਕਰਦੇ ਹਨ ਅਜਿਹਾ ਜਿਸ ਵਿਚ ਚਮਤਕਾਰੀ ਅੰਸ਼ ਹੋਏ। ਗੁਰੂ ਸਾਹਿਬ ਦੇ ਜੀਵਨ ਦੀਆਂ ਸਾਖੀਆਂ ਵਿਚ ਬਹੁਤ ਸਾਰੀਆਂ ਸਾਖੀਆਂ ਮਿੱਥਕ ਜਾਪਦੀਆਂ ਹਨ ਜੋ ਪੁਰਾਣਕ ਇਤਿਹਾਸ ਨਾਲ ਜਾ ਜੁੜਦੀਆਂ ਹਨ। ਜਿਸ ਦਾ ਆਧਾਰ ਸਿਰਫ਼ ਅਧਿਆਤਮਕ ਪ੍ਰਭਾਵ ਸਿਰਜਣਾ ਹੈ।

## ਜਨਮ ਸਾਖੀਆਂ ਵਿਚ ਕਥਾਨਕ ਰੂੜੀਆਂ ਦਾ ਅਧਿਐਨ:

ਕਥਾਨਕ ਰੂੜੀਆਂ ਦੇ ਅਧਿਐਨ ਦੁਆਰਾ ਅਸੀਂ ਇਨ੍ਹਾਂ ਦੇ ਮੂਲ ਸਰੋਤਾਂ ਨੂੰ ਜਾਣ ਸਕਦੇ ਹਾਂ। ਇਸ ਤੋਂ ਇਲਾਵਾ ਆਦਿਮ ਸਮਾਜ ਦੇ ਵਿਸ਼ਵਾਸਾਂ, ਪਰੰਰਾਵਾਂ ਅਤੇ ਰੀਤੀ-ਰਿਵਾਜਾਂ ਦਾ ਗਿਆਨ ਵੀ ਹਾਸਿਲ ਹੋ ਜਾਂਦਾ ਹੈ। ਜਨਮ ਸਾਖੀਆਂ ਵਿਚੋਂ ਉਸ ਸਮੇਂ ਦੀਆਂ ਕਥਾਨਕ ਰੂੜੀਆਂ ਤੋਂ ਲੋਕ ਚੇਤਨਾ ਦਾ ਗਿਆਨ ਹੁੰਦਾ ਹੈ। ਇਨ੍ਹਾਂ ਤੋਂ ਸਮਾਜਿਕ ਸੰਬੰਧ, ਲੋਕ-ਵਿਸ਼ਵਾਸ, ਰੀਤੀ-ਰਿਵਾਜ਼ ਅਤੇ ਸੰਸਕ੍ਰਿਤਿਕ ਪ੍ਰਵਿਰਤੀਆਂ ਇੰਨ੍ਹਾਂ ਕਥਾਨਕ ਰੂੜੀਆਂ ਵਿਚ ਮੌਜੂਦ ਹੁੰਦੀਆਂ ਹਨ ਅਤੇ ਪਰੰਪਰਾਂ ਜਾਂ ਰੂੜੀ ਦੇ ਰੂਪ ਵਿਚ ਪ੍ਰਚਲਿਤ ਰਹਿੰਦੀਆਂ ਹਨ। ਸੱਚਾ ਸੌਦਾ, ਖੇਤ ਹਰਿਆ, ਪਾਂਧੇ ਪਾਸ ਪੜ੍ਹਨਾ ਆਦਿ ਤੋਂ ਉਸ ਸਮੇਂ ਦੇ ਲੋਕ ਜੀਵਨ ਦੀ ਜਾਣਕਾਰੀ ਮਿਲਦੀ ਹੈ। ਜਨਮ ਸਾਖੀਆਂ ਵਿਚ ਕਲਪਿਤ ਕਥਾਨਕ ਰੂੜੀਆਂ ਦੀ ਵੀ ਵਰਤੋਂ ਕੀਤੀ ਗਈ ਹੈ। ਜਿਸ ਵਿਚ ਸਮਾਜਿਕ ਯਥਾਰਥਿਕ ਅਤੇ ਸੰਸਕ੍ਰਿਤ ਜੀਵਨ ਦੀ ਝਲਕ ਪੇਸ਼ ਕਰਦਾ ਹੈ। "ਵੇਈਂ ਪ੍ਰਵੇਸ" ਵਾਲੀ ਸਾਖੀ ਵਿਚ ਗੁਰੂ ਨਾਨਕ ਸਾਹਿਬ ਨੂੰ ਪਰਮਾਤਮਾ ਦੇ ਦਰਬਾਰ ਤੋਂ "ਨਉ ਨਿਧੀ ਅਠਾਰਹ ਸਿਧੀ" ਮਿਲਦੀਆਂ ਵਿਖਾਈਆਂ ਗਿਆ ਹੈ।

ਜਨਮਸਾਖੀ ਪਰੰਪਰਾ ਦਾ ਆਰੰਭ ਅਧਿਆਤਮ, ਧਾਰਮਿਕ ਮਹਾਂਪੁਰਖਾਂ ਦੇ ਸਮਾਜਿਕ ਕਾਰਜਾਂ, ਸਫ਼ਰਾਂ, ਮਿਲਣੀਆਂ, ਗੋਸ਼ਟਾਂ, ਬਹਿਸਾਂ, ਕਰਾਮਾਤਾਂ, ਉਨ੍ਹਾਂ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸੰਪਰਕਾਂ ਅਤੇ ਸਾਹਿਤਿਕ ਕਿਰਤਾਂ ਦੀ ਸਾਂਭ-ਸੰਭਾਲ ਵਜੋਂ ਹੋਂਦ ਵਿਚ ਆਈਆਂ। ਸਮਾਂ ਪਾ ਕੇ ਇਹ ਜ਼ਿਆਦਾ ਗੌਰਵ ਗ੍ਰਹਿਣ ਕਰਦੀਆਂ ਗਈਆਂ ਸ਼ਾਇਦ ਇਸ ਦਾ ਕਾਰਨ ਸਾਖੀਕਾਰਾਂ ਦੇ ਮੋਢੀ ਪ੍ਰਤੀ ਅਤੇ ਆਪਣੇ ਧਰਮ ਦੇ ਪੈਰੋਕਾਰਾਂ ਪ੍ਰਤੀ ਜਿਗਿਆਸਾਂ ਰੱਖਣ ਕਾਰਨ ਇਹ ਕਾਰਜ ਹੋਇਆ। ਜਨਮ ਸਾਖੀਆਂ ਦੀ ਭਾਸ਼ਾ ਸੱਧੂਕੜੀ ਰੰਗ ਦੀ ਹੈ, ਜਿਸ ਵਿਚ ਸ਼ਬਦ ਚੋਣ, ਸ਼ਬਦਾਵਲੀ ਅਤੇ ਸ਼ਬਦ-ਯੋਜਨਾ ਕਮਾਲ ਦੀ ਹੈ। ਇਹ ਪਾਤਰ ਪਰਿਸਥਿਤੀ ਅਤੇ ਪ੍ਰਸੰਗ ਦੇ ਅਨੁਕੂਲ ਹੈ। ਮਨੋਵਿਗਿਆਨਕ ਪੱਖ ਤੋਂ ਜਨਮ ਸਾਖੀਆਂ ਦੀ ਸਿਰਜਣਾ ਅਜਿਹੇ ਢੰਗ ਨਾਲ ਕੀਤੀ ਗਈ ਹੈ ਜਿਸ ਦਾ ਪ੍ਰਭਾਵ ਅਰਧ ਚੇਤ ਅਤੇ ਅਚੇਤ ਦੋਹਾਂ ਮਨ ਦੇ ਸਕੰਲਪਾਂ ਨਾਲ ਜੁੜਿਆ ਹੋਇਆ ਹੈ। ਜਿਸ ਕਾਰਨ ਸੁਭਾਵਿਕ ਹੀ ਪੁਰਾਤਨ ਜਨਮ ਸਾਖੀਆਂ ਵਿਚ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ ਪੱਖਾਂ ਹੀ ਭਰਪੂਰ ਜਾਣਕਾਰੀ ਮਿਲਦੀ ਹੈ। ਜਨਮ ਸਾਖੀਆਂ ਵਿਚ ਲੋਕ-ਜੀਵਨ ਦੇ ਮੁੱਲਾਂ ਦੀ ਸਰਵਪੱਖੀ ਜਾਣਕਾਰੀ ਮਿਲਦੀ ਹੈ ਜਿਸ ਵਿਚ ਅਧਿਆਤਮਕ ਮੁੱਲਾਂ ਨੂੰ ਕੇਂਦਰੀ ਮੁੱਲ ਵਜੋਂ ਉਭਾਰਿਆ ਗਿਆ ਹੈ। ਇਨ੍ਹਾਂ ਵਿਚ ਇਤਿਹਾਸਕ ਸ੍ਰੋਤਾਂ ਤੋਂ ਪ੍ਰੇਰਿਤ ਹੋਣ ਦੇ ਲਿਖੇ ਜਾਣ ਦਾ ਗਿਆਨ ਵੀ ਮਿਲਦਾ ਹੈ ਅਤੇ ਕਾਲ ਦੇ ਯੁੱਗ ਚਿਤਰਣ ਵਿਚ ਸਮੇਂ, ਸਥਾਨ ਅਤੇ ਸਥਿਤੀ ਦਾ ਸਰਵਪੱਖੀ ਦਰਪਣ ਝਲਕਦਾ ਹੈ। ਮਿੱਥਕ ਪੱਖ ਤੋਂ ਬਹੁਤ ਸਾਰੀਆਂ ਸਾਖੀਆਂ ਅਜਿਹੀ ਸ਼ਰਧਾ ਪੂਰਵਕ ਸ਼ਾਮਿਲ ਕਰ ਦਿੱਤੀਆਂ ਹਨ ਜੋ ਵਾਸਤਵਿਕ ਨਹੀਂ ਜਾਪਦੀਆਂ ਪਰੰਤੂ ਸਾਖੀ ਦੇ ਪ੍ਰਸੰਗ ਵਿਚ

ਅਧਿਆਤਮਕ ਦੀ ਪੂਰਨ ਤਰਜ਼ਮਾਨੀ ਕਰਦੇ ਹੋਏ ਧਾਰਮਿਕ ਰੰਗ ਨੂੰ ਪ੍ਰਚੰਡ ਕਰਦੀਆਂ ਹਨ। ਬਹੁਤ ਹੀ ਸਾਰੀਆਂ ਕਥਾਨਕ ਰੂੜੀਆਂ ਵੀ ਵਰਤੀਆਂ ਗਈਆਂ ਹਨ। ਜੋ ਸਮੇਂ ਤੇ ਸਮਾਜ ਦੀ ਪੇਸ਼ਕਾਰੀ ਸਮਾਜਿਕ ਸੰਦਰਭ ਵਿਚ ਕਰਦੀਆਂ ਹਨ। ਪਰੰਤੂ ਇਨ੍ਹਾਂ ਸਭ ਕੁਝ ਹੁੰਦਿਆਂ ਵੀ ਅਜਿਹੇ ਬਹੁਤ ਪੱਖ ਅਧੂਰੇ ਰਹਿ ਜਾਂਦੇ ਹਨ ਜਿਨ੍ਹਾਂ ਪੱਖਾਂ ਤੋਂ ਜਨਮਸਾਖੀ ਪਰੰਪਰਾਂ ਨੂੰ ਹੋਰ ਅਧਿਐਨ ਕਰਿਆ ਜਾ ਸਕਦਾ ਹੈ। ਆਰੰਭ ਰਚਨਾ ਹੋਣ ਕਾਰਨ ਜੋ ਕਮੀਆਂ ਆਪ ਜੀ ਸਾਹਮਣੇ ਆਈਆਂ ਹਨ ਉਹ ਸੁਭਾਵਿਕ ਹਨ।

**ਹਵਾਲੇ**

1। . ਵਾਰਤਕ ਅੰਕ (ਪੰਜਾਬੀ ਦੁਨੀਆ), “ਭਾਸ਼ਾ ਵਿਭਾਗ ਪਟਿਆਲਾ, 1955, ਪੰਨਾ 20

2। . ਜਨਮਸਾਖੀ/ਮਿਥ ਵਿਗਿਆਨ, ਪੰਨਾ 160

3। . ਓਿਕ ਥੜ;ਚਵਜਰਅ ਰ ਿਵੀਕ ਛਜਾਂ ਫਰਠਠਚਅਜਵਖ, ਸ਼। 21

4। . ਰਤਨ ਸਿੰਘ ਜੋਗੀ (ਡਾ.), “ਪੁਰਾਤਨ ਜਨਮਸਾਖੀਆਂ ਦਾ ਵਿਸ਼ਲੇਸ਼ਣਤਮਕ ਅਧਿਐਨ”, ਪੈਪਸੂ ਬੁੱਕ ਡਿਪੂ, ਪਟਿਆਲਾ, 1977, ਪੰਨਾ 61

5। . ਕਿਰਪਾਲ ਸਿੰਘ (ਡਾ.) (ਸੰਪਾ.) “ਜਨਮਸਾਖੀ ਪਰੰਪਰਾ” ਮੋਦੀ ਖਾਨਾ ਸੰਭਾਲਿਆ, ਪੰਨਾ 13 ਪੁਸਤਕ-ਸੂਚੀ

6। . ਸਤਿੰਦਰ ਸਿੰਘ, *ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ,* ਪੰਜਾਬੀ ਅਕਾਦਮੀ, ਦਿੱਲੀ, 2006

7। . ਕਰਨਜੀਤ ਸਿੰਘ, *ਪੁਰਾਤਨ ਪੰਜਾਬੀ ਵਾਰਤਕ ਦਾ ਇਤਿਹਾਸ,* ਪੰਜਾਬੀ ਅਕਾਦਮੀ, ਦਿੱਲੀ, 2004

8। . ਰਤਨ ਸਿੰਘ ਜੱਗੀ (ਪ੍ਰੋ.), ਖੋਜ ਪਤ੍ਰਿੱਕਾ, *ਪੁਰਾਤਨ ਵਾਰਤਕ ਵਿਸ਼ੇਸ਼ ਅੰਕ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997

9। . ਉਹੀ, (ਡਾ.) (ਸੰਪਾ.), *ਸਾਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011